# 4ਥਾ ਨਿਸ਼ਸਤਰੀਕਰਨ ਅਤੇ ਅੰਤਰਰਾਸ਼ਟਰੀ ਸੁਰੱਖਿਆ ਮਾਮਲਿਆਂ ਦਾ ਫੈਲੋਸ਼ਿਪ ਪ੍ਰੋਗਰਾਮ

ਫਰਵਰੀ 09, 2024

ਵਿਦੇਸ਼ ਮੰਤਰਾਲੇ ਨੇ ਨਿਸ਼ਸਤੀਕਰਨ ਅਤੇ ਅੰਤਰਰਾਸ਼ਟਰੀ ਸੁਰੱਖਿਆ ਮਾਮਲੇ ਦੇ ਫੈਲੋਸ਼ਿਪ ਪ੍ਰੋਗਰਾਮ ਦੇ ਚੌਥੇ ਐਡੀਸ਼ਨ ਦਾ ਆਯੋਜਨ 22 ਜਨਵਰੀ ਤੋਂ 9 ਫਰਵਰੀ 2024 ਤੱਕ ਸੁਸ਼ਮਾ ਸਵਰਾਜ ਇੰਸਟੀਟਿਊਟ ਆਫ ਫੋਰਨ ਸਰਵਿਸ ਵਿਖੇ ਕਰਾਇਆ। ਅੱਜ ਵਿਦਾਈ ਸਮਾਰੋਹ ਵਿਖੇ ਵਿਦੇਸ਼ ਸਕੱਤਰ ਸ਼੍ਰੀ ਵਿਨੇ ਕਵਾਤਰਾ ਜੀ ਨੇ ਦੁਨੀਆਂ ਭਰ ਦੇ 24 ਦੇਸ਼ਾਂ ਤੋਂ ਆਏ ਨੌਜਵਾਨ ਡਿਪਲੋਮੈਟਾਂ ਨੂੰ ਸੰਬੋਧਿਤ ਕੀਤਾ ਜਿਨਾਂ ਨੇ ਇਸ ਫੈਲੋਸ਼ਿਪ ਪ੍ਰੋਗਰਾਮ ਦੇ ਵਿੱਚ ਹਿੱਸਾ ਲਿਆ ਸੀ। ਇਸ ਤੋਂ ਪਹਿਲਾਂ 22 ਜਨਵਰੀ ਨੂੰ ਉਦਘਾਟਨ ਸਮਾਰੋਹ ਵਿਖੇ, ਸੰਯੁਕਤ ਰਾਸ਼ਟਰ (ਯੂ.ਐਨ.) ਦੇ ਅੰਡਰ-ਸੈਕਰੇਟਰੀ-ਜਨਰਲ ਅਤੇ ਨਿਸ਼ਸਤਰੀਕਰਨ ਮਾਮਲਿਆਂ ਲਈ ਉੱਚ ਪ੍ਰਤੀਨਿਧੀ, ਸ਼੍ਰੀਮਤੀ ਇਜ਼ੂਮੀ ਨਾਕਾਮਿਤਸੂ ਨੇ ਇੱਕ ਰਿਕਾਰਡ ਕੀਤੇ ਵੀਡੀਓ ਸੰਦੇਸ਼ ਰਾਹੀਂ ਉਦਘਾਟਨੀ ਟਿੱਪਣੀਆਂ ਦਿੱਤੀਆਂ ਸਨ। 5 ਫਰਵਰੀ ਨੂੰ, ਹਿੱਸਾ ਲੈਣ ਵਾਲੇ ਪ੍ਰਤਿਭਾਗੀ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨਾਲ ਮਿਲੇ।

2. ਤਿੰਨ ਹਫਤੇ ਦੇ ਫੈਲੋਸ਼ਿਪ ਪ੍ਰੋਗਰਾਮ ਦੇ ਵਿੱਚ ਆਗੂ ਮਹਾਰਥੀਆਂ ਵੱਲੋਂ ਵੱਖੋ-ਵੱਖਰੇ ਵਿਸ਼ਿਆਂ ਜਿਵੇਂ ਕਿ ਗਲੋਬਲ ਸੁਰੱਖਿਆ ਮਾਹੌਲ, ਜਨਤਕ ਤਬਾਹੀ ਦੇ ਹਥਿਆਰਾਂ, ਕੁਝ ਰਵਾਇਤੀ ਹਥਿਆਰਾਂ, ਅੰਤਰਿਕਸ਼ ਸੁਰੱਖਿਆ, ਸਾਈਬਰ ਸਪੇਸ ਦੀ ਸੁਰੱਖਿਆ, ਨਿਰਿਆਤ ਕੰਟਰੋਲ ਅਤੇ ਉਭਰਦੀ ਟੈਕਨੋਲਜੀ 'ਤੇ ਗੱਲਬਾਤਾਂ, ਪੇਸ਼ਕਾਰੀਆਂ ਅਤੇ ਸਿਮੂਲੇਸ਼ਨ ਅਭਿਆਸ ਸ਼ਾਮਿਲ ਸਨ। ਇਸ ਵਿੱਚ ਭਾਰਤ ਦੇ ਪਰਮਾਣੂ ਊਰਜਾ ਵਿਭਾਗ ਅਤੇ ਭਾਰਤੀ ਅੰਤਰਿਕਸ਼ ਖੋਜ ਸੰਗਠਨ ਦੀਆਂ ਸਹੂਲਤਾਂ ਦਾ ਖੇਤਰੀ ਦੌਰਾ ਸ਼ਾਮਲ ਸੀ ਤਾਂ ਜੋ ਪ੍ਰਤਿਭਾਗੀ ਭਾਰਤ ਦੇ ਸਿਵਲ ਪਰਮਾਣੂ ਅਤੇ ਸਿਵਲ ਸਪੇਸ ਪ੍ਰੋਗਰਾਮਾਂ ਬਾਰੇ ਜਾਣੂ ਹੋ ਸਕਣ। ਪ੍ਰਤਿਭਾਗੀਆਂ ਨੇ ਭਾਰਤ ਦੇ ਚੋਣ ਕਮਿਸ਼ਨ, ਨੈਸ਼ਨਲ ਇੰਸਟੀਚਿਊਟ ਆਫ਼ ਸੋਲਰ ਐਨਰਜੀ ਅਤੇ ਇੰਟਰਨੈਸ਼ਨਲ ਸੋਲਰ ਅਲਾਇੰਸ ਸਕੱਤਰੇਤ, ਅਤੇ ਸੂਚਨਾ ਫਿਊਜ਼ਨ ਸੈਂਟਰ - ਹਿੰਦ ਮਹਾਸਾਗਰ ਖੇਤਰ, ਵਰਗੀਆਂ ਹੋਰ ਸੰਸਥਾਵਾਂ ਦਾ ਵੀ ਦੌਰਾ ਕੀਤਾ।

3. ਇਸ ਫੈਲੋਸ਼ਿਪ ਪ੍ਰੋਗਰਾਮ ਦਾ ਉਦੇਸ਼ ਪ੍ਰਤਿਭਾਗੀਆਂ ਨੂੰ ਸਮਕਾਲੀ ਨਿਸ਼ਸਤਰੀਕਰਨ, ਗੈਰ-ਪ੍ਰਸਾਰ, ਹਥਿਆਰ ਨਿਯੰਤਰਣ ਅਤੇ ਅੰਤਰਰਾਸ਼ਟਰੀ ਸੁਰੱਖਿਆ ਮਾਮਲਿਆਂ ਨਾਲ ਸਬੰਧਤ ਮੁੱਦਿਆਂ 'ਤੇ ਗਿਆਨ ਅਤੇ ਦ੍ਰਿਸ਼ਟੀਕੋਣਾਂ ਨਾਲ ਲੈਸ ਕਰਨਾ ਅਤੇ ਉਨ੍ਹਾਂ ਨੂੰ ਭਾਰਤ ਅਤੇ ਭਾਰਤ ਦੀ ਵਿਦੇਸ਼ ਨੀਤੀ ਦੇ ਪਹਿਲੂਆਂ ਨਾਲ ਜਾਣੂ ਕਰਵਾਉਣਾ ਹੈ। ਇਹ ਸੰਯੁਕਤ ਰਾਸ਼ਟਰ (ਯੂ.ਐਨ.) ਜਨਰਲ ਅਸੈਂਬਲੀ ਦੇ ਮਤੇ "ਸੰਯੁਕਤ ਰਾਸ਼ਟਰ ਨਿਸ਼ਸਤਰੀਕਰਨ ਅਤੇ ਗੈਰ-ਪ੍ਰਸਾਰ ਸਿੱਖਿਆ" 'ਤੇ ਅਧਿਐਨ" ਨੂੰ ਵੀ ਪੂਰਾ ਕਰਦਾ ਹੈ।

**ਨਵੀਂ ਦਿੱਲੀ**
**ਫਰਵਰੀ 09, 2024**